## ਮਿਤੀ 19-12-2022 ਨੂੰ ਦਰਜ ਹੋਏ ਮੁਕੱਦਮੇ

| ਲੜੀ ਨੰ | ਮੁਕੱਦਮਾ ਨੰ: ਮਿਤੀ ਜੁਰਮ ਅਤੇ ਥਾਣਾ | ਮੁਦੱਈ ਮੁਕੱਦਮਾ ਦਾ ਨਾਮ, ਪਤਾ ਅਤੇ ਉਮਰ | ਦੋਸ਼ੀ ਦਾ ਨਾਮ ਅਤੇ ਪਤਾ | ਸੰਖੇਪ ਹਾਲਾਤ |
|---|---|---|---|---|
| 1 | ਮੁਕੱਦਮਾ ਨੰ: 104<br>ਮਿਤੀ:19-12-22<br>ਜੁਰਮ: 379, ਆਈ.ਪੀ.ਸੀ.<br>ਥਾਣਾ:- ਨਵਾਂ ਗਰਾਓਂ | ਅਵਤਾਰ ਸਿੰਘ ਪੁੱਤਰ ਗੱਬਰ ਸਿੰਘ ਵਾਸੀ ਮਕਾਨ ਨੰ.549 ਨੇੜੇ ਸ਼ਨੀ ਮੰਦਿਰ ਕਮਾਉ ਕਲੋਨੀ ਨਵਾਂ ਗਰਾਓਂ ਜਿਲਾ ਐਸ.ਏ.ਐਸ.ਨਗਰ<br>90568-24378 | ਨਾ-ਮਾਲੂਮ ਵਿਅਕਤੀ/ਵਿਅਕਤੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮਿਤੀ 08-12-22 ਨੂੰ ਮੈਂ ਆਪਣੀ ਐਕਟਿਵਾ ਨੰਬਰੀ ਪੀ.ਬੀ-65ਏ.ਏ-4484 ਰੰਗ ਗਰੇਅ ਰੋਜ ਦੀ ਤਰਾਂ ਸ਼ਾਮ ਨੂੰ ਆਪਣੇ ਘਰ ਦੇ ਬਾਹਰ ਗਲੀ ਵਿੱਚ ਖੜੀ ਕੀਤੀ ਸੀ। ਜਦੋਂ ਮੈਂ ਮਿਤੀ 09-12-22 ਨੂੰ ਦੇਖਿਆ ਤਾਂ ਮੇਰੀ ਐਕਟਿਵਾ ਆਪਣੀ ਜਗਾ ਪਰ ਨਹੀਂ ਸੀ ਜਿਸ ਨੂੰ ਕੋਈ ਨਾ-ਮਾਲੂਮ ਵਿਅਕਤੀ ਚੋਰੀ ਕਰਕੇ ਲੈ ਗਿਆ। ਜਿਸ ਦੀ ਮੈਂ ਹੁਣ ਤੱਕ ਆਪਣੇ ਤੌਰ ਪਰ ਕਾਫੀ ਭਾਲ ਕੀਤੀ ਜਿਸ ਬਾਰੇ ਕੁੱਝ ਵੀ ਪਤਾ ਨਹੀਂ ਲੱਗਿਆ। ਜਿਸ ਤੇ ਹੁਣ ਨਾ-ਮਾਲੂਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 2 | ਮੁਕੱਦਮਾ ਨੰ: 137<br>ਮਿਤੀ:19-12-22<br>ਜੁਰਮ:279,304ਏ,427, ਆਈ.ਪੀ.ਸੀ.<br>ਥਾਣਾ:- ਫੇਸ-11 | ਜਤਿੰਦਰ ਮਾਹਤੋ ਪੁੱਤਰ ਲਾਲ ਭਗਵਾਨ ਮਾਹਤੋ ਵਾਸੀ ਪਿੰਡ ਬੋਰਹਾ ਜਿਲਾ ਛੱਪਰਾ ਬਿਹਾਰ ਹਾਲ ਵਾਸੀ ਕਿਰਾਏਦਾਰ ਮ.ਨੰ. 2287 ਫੇਸ-2 ਰਾਮ ਦਰਬਾਰ ਚੰਡੀਗੜ੍ਹ<br>97793-32663 | ਨਾ-ਮਾਲੂਮ ਕਾਰ ਦੇ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੇਰੀ ਮਾਸੀ ਦਾ ਲੜਕਾ ਸੰਤੋਸ਼ ਕੁਮਾਰ ਪੁੱਤਰ ਮਾਹਤੋਂ ਪੁੱਤਰ ਸੁਦਾਮਾ ਮਾਹਤੋ ਵਾਸੀ ਪਿੰਡ ਅਨਾਯ ਜਿਲਾ ਸਾਰਨ ਬਿਹਾਰ ਜੋ ਉਕਤ ਪਤੇ ਤੇ ਮੇਰੇ ਨਾਲ ਹੀ ਰਹਿੰਦਾ ਹੈ ਅਤੇ ਸਬਜ਼ੀ ਵੇਚਣ ਦਾ ਕੰਮ ਕਰਦਾ ਹੈ। ਮਿਤੀ 18-12-22 ਨੂੰ ਵਕਤ ਕਰੀਬ 05:00ਏ.ਐਮ ਪਰ ਸੰਤੋਸ਼ ਕੁਮਾਰ ਰੋਜਾਨਾ ਦੀ ਤਰਾਂ ਆਪਣੀ ਰੇਹੜੀ ਪਰ ਫੇਸ-11 ਮੋਹਾਲੀ ਤੋਂ ਸਬਜ਼ੀ ਲੈ ਕੇ ਰਾਮ ਦਰਬਾਰ ਚੰਡੀਗੜ੍ਹ ਨੂੰ ਜਾ ਰਿਹਾ ਸੀ। ਤਾਂ ਜਦੋਂ ਸੰਤੋਸ਼ ਕੁਮਾਰ ਮਾਹਤੋ ਜਗਤਪੁਰਾ ਪੁਲ ਪਾਸ ਪੁੱਜਾ ਤਾਂ ਫੇਸ-11 ਮੋਹਾਲੀ ਦੀ ਤਰਫੋਂ ਇੱਕ ਨਾ-ਮਾਲੂਮ ਕਾਰ ਚਾਲਕ ਨੇ ਆਪਣੀ ਕਾਰ ਬੜੀ ਤੇਜ ਰਫਤਾਰੀ ਅਤੇ ਅਣਗਹਿਲੀ ਨਾਲ ਚਲਾ ਕੇ ਸੰਤੋਸ਼ ਕੁਮਾਰ ਦੀ ਸਾਈਕਲ ਰੇਹੜੀ ਵਿੱਚ ਸਿੱਧੀ ਮਾਰੀ। ਜਿਸ ਕਾਰਨ ਸੰਤੋਸ਼ ਕੁਮਾਰ ਦੇ ਜਿਆਦਾ ਸੱਟਾਂ ਲੱਗਣ ਕਾਰਨ ਉਹ ਬੇਹੋਸ਼ ਹੋ ਗਿਆ। ਮੈਂ ਰਾਹਗੀਰਾਂ ਦੀ ਮੱਦਦ ਨਾਲ ਸੰਤੋਸ਼ ਕੁਮਾਰ ਨੂੰ ਜੀ.ਐਮ.ਸੀ.ਐਚ.ਸੈਕ:32 ਚੰਡੀਗੜ੍ਹ ਵਿਖੇ ਲੈ ਕੇ ਗਿਆ ਜਿੱਥੇ ਡਾਕਟਰ ਸਾਹਿਬ ਨੇ ਚੈੱਕ ਕਰਕੇ ਸੰਤੋਸ਼ ਕੁਮਾਰ ਮਾਹਤੋ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਬਾਅਦ ਵਿੱਚ ਉਕਤ ਨਾ-ਮਾਲੂਮ ਕਾਰ ਦੇ ਨਾ-ਮਾਲੂਮ ਚਾਲਕ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 3 | ਮੁਕੱਦਮਾ ਨੰ: 533<br>ਮਿਤੀ:19-12-22<br>ਜੁਰਮ:279,304ਏ, ਆਈ.ਪੀ.ਸੀ.<br>ਥਾਣਾ:- ਸੋਹਾਣਾ | ਗੁਰਜੰਟ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਪੱਤੜਾਂ ਥਾਣਾ ਸੋਹਾਣਾ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 26 ਸਾਲ<br>83608-55627 | ਮੋਟਰ ਸਾਈਕਲ ਨੰਬਰੀ ਐਚ.ਆਰ-01-5672 ਦਾ ਨਾ-ਮਾਲੂਮ ਚਾਲਕ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਹੋਰੀਜਨ ਕੰਪਨੀ ਵਿੱਚ ਸਕਿਉਰਟੀ ਦੀ ਡਿਊਟੀ ਕਰਦਾ ਹਾਂ। ਮਿਤੀ 18-12-22 ਨੂੰ ਵਕਤ ਕਰੀਬ 12:50ਏ.ਐਮ ਦਾ ਹੋਵੇਗਾ ਸਾਡੀ ਕੰਪਨੀ ਦੀ ਸਾਈਟ ਦੇ ਸਾਹਮਣੇ ਲਾਂਡਰਾਂ ਬਨੂੜ ਰੋਡ ਪਰ ਬਹੁਤ ਜ਼ੋਰ ਦੀ ਖੜਕਾ ਹੋਇਆ। ਮੈਂ ਦੌੜ ਕੇ ਬਾਹਰ ਆਇਆ ਤਾਂ ਦੇਖਿਆ ਕਿ ਇੱਕ ਮੋਟਰ ਸਾਈਕਲ ਸਵਾਰ ਵਿਅਕਤੀ ਵੱਲੋਂ ਇੱਕ ਮੋਨੇ ਵਿਅਕਤੀ ਨੂੰ ਜ਼ੋਰ ਦੀ ਹਿੱਟ ਕੀਤਾ ਹੈ। ਜਿਸ ਕਾਰਨ ਮੋਨਾ ਵਿਅਕਤੀ ਮੂੰਹ ਭਾਰ ਡਿੱਗ ਪਿਆ ਅਤੇ ਮੋਟਰ ਸਾਈਕਲ ਸਵਾਰ ਵਿਅਕਤੀ ਉਸਦੇ ਉੱਪਰ ਦੀ ਆਪਣਾ ਮੋਟਰ ਸਾਈਕਲ ਲੰਘਾ ਕੇ ਲੈ ਗਿਆ। ਰਾਹਗੀਰਾਂ ਵੱਲੋਂ ਉਕਤ ਵਿਅਕਤੀ ਨੂੰ ਐਂਬੂਲੈਂਸ ਵਿੱਚ ਪਾ ਕੇ ਸਿਵਲ ਹਸਪਤਾਲ ਖਰੜ ਵਿਖੇ ਲਿਜਾਇਆ ਗਿਆ। ਅੱਜ ਉਕਤ ਵਿਅਕਤੀ ਦੇ ਰਿਸ਼ਤੇਦਾਰ ਆ ਗਏ ਜਿਹਨਾਂ ਪਾਸੋਂ ਮੈਨੂੰ ਪਤਾ ਲੱਗਾ ਕਿ ਉਕਤ ਵਿਅਕਤੀ ਦੀ ਮੌਤ ਹੋ ਗਈ ਹੈ। ਉਕਤ ਵਿਅਕਤੀ ਦੀ ਪਹਿਚਾਣ ਆਸੂ ਯਾਦਵ ਪੁੱਤਰ ਓਮ ਪ੍ਰਕਾਸ਼ ਯਾਦਵ ਵਾਸੀ ਪਿੰਡ ਪੜੂਆ ਜਿਲਾ ਏਟਾਵਾ ਹੋਈ ਹੈ। ਮੈਂ ਕਾਹਲੀ ਵਿੱਚ ਉਕਤ ਮੋਟਰ ਸਾਈਕਲ ਦਾ ਨੰਬਰ ਐਚ.ਆਰ-01-5672 ਮਾਰਕਾ ਪਲਾਟੀਨਾ ਪੜਿਆ। ਜਿਸ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ। |

| | | | | |
|---|---|---|---|---|
| 4 | ਮੁਕੱਦਮਾ ਨੰ: 534<br>ਮਿਤੀ:19-12-22<br>ਜੁਰਮ:279,337,338,427,<br>ਆਈ.ਪੀ.ਸੀ.<br>ਥਾਣਾ:- ਸੋਹਾਣਾ | ਸੁਖਵਿੰਦਰ ਸਿੰਘ ਪੁੱਤਰ ਮਾਨ ਸਿੰਘ ਵਾਸੀ ਪਿੰਡ ਨਡਿਆਲੀ ਥਾਣਾ ਸੋਹਾਣਾ ਜਿਲਾ ਐਸ.ਏ.ਐਸ.ਨਗਰ<br>97810-02634 | ਨਾ-ਮਾਲੂਮ ਕਾਰ ਚਾਲਕ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਉਕਤ ਪਤੇ ਦਾ ਰਹਿਣ ਵਾਲਾ ਹਾਂ। ਮਿਤੀ 17-12-22 ਨੂੰ ਵਕਤ ਕਰੀਬ 08:00ਪੀ.ਐਮ ਪਰ ਮੈਂ ਆਪਣੇ ਮੋਟਰ ਸਾਈਕਲ ਨੰਬਰ ਪੀ.ਬੀ-65ਏ.ਐਕਸ-0236 ਤੇ ਐਰੋਸਿਟੀ ਦੀਆਂ ਲਾਈਟਾਂ ਜੋ ਸੈਕ:82 ਦੇ ਅਗਲੇ ਪਾਸੇ ਹਨ, ਸੜਕ ਤੇ ਮੋਟਰ ਸਾਈਕਲ ਰੋਕ ਕੇ ਉਸ ਦੇ ਉੱਪਰ ਬੈਠਾ ਹੀ ਫੋਨ ਸੁਣ ਰਿਹਾ ਸੀ ਕਿ ਅੱਗੋਂ ਰੁੜਕਾ ਪਿੰਡ ਵੱਲੋਂ ਗਲਤ ਸਾਈਡ ਤੋਂ ਇੱਕ ਪੁਰਾਣੇ ਮਾਡਲ ਦੀ ਮਾਰੂਤੀ ਕਾਰ ਆਈ ਜਿਸ ਦੇ ਚਾਲਕ ਨੇ ਬੜੀ ਤੇਜ਼ ਰਫਤਾਰੀ ਅਤੇ ਲਾਪਰਵਾਹੀ ਨਾਲ ਆਪਣੀ ਕਾਰ ਮੇਰੇ ਮੋਟਰ ਸਾਈਕਲ ਵਿੱਚ ਮਾਰੀ। ਜਿਸ ਕਾਰਨ ਮੇਰੀ ਸੱਜੀ ਲੱਤ ਪੱਟ ਕੋਲੋਂ 02 ਜਗ੍ਹਾ ਤੋਂ ਟੁੱਟ ਗਈ ਅਤੇ ਹੋਰ ਵੀ ਕਾਫੀ ਸੱਟਾਂ ਲੱਗੀਆਂ। ਉਕਤ ਕਾਰ ਚਾਲਕ ਮੌਕੇ ਤੋਂ ਕਾਰ ਸਮੇਤ ਫਰਾਰ ਹੋ ਗਿਆ। ਹੁਣ ਮੈਂ ਜੀ.ਐਮ.ਸੀ.ਐਚ.ਸੈਕ:32 ਚੰਡੀਗੜ੍ਹ ਵਿਖੇ ਜ਼ੇਰੇ ਇਲਾਜ ਹਾਂ। |
| 5 | ਮੁਕੱਦਮਾ ਨੰ: 535<br>ਮਿਤੀ:19-12-22<br>ਜੁਰਮ: 363,366ਏ,<br>ਆਈ.ਪੀ.ਸੀ.<br>ਥਾਣਾ:- ਸੋਹਾਣਾ | ਰਵੀ ਪੁੱਤਰ ਬਲੇਸ਼ਵਰ ਦਾਸ ਵਾਸੀ ਪਿੰਡ ਭਾਵ ਨੰਗਲਾ ਪਥੋਲੀ ਜਿਲਾ ਮੇਰਠ ਯੂ.ਪੀ. ਹਾਲ ਵਾਸੀ ਕਿਰਾਏਦਾਰ ਬੂਟਾ ਸਿੰਘ ਪ੍ਰਧਾਨ ਪਿੰਡ ਕੰਬਾਲੀ ਜਿਲਾ ਐਸ.ਏ.ਐਸ.ਨਗਰ<br>95289-54127 | ਸੋਨੂੰ ਕੁਮਾਰ ਪੁੱਤਰ ਓਮ ਪ੍ਰਕਾਸ਼ ਹਾਲ ਵਾਸੀ ਕਿਰਾਏਦਾਰ ਬੂਟਾ ਸਿੰਘ ਪ੍ਰਧਾਨ ਪਿੰਡ ਕੰਬਾਲੀ | ਮੁਦੱਈ ਮੁਕੱਦਮਾ ਨੇ ਬਿਆਨ ਕੀਤਾ ਕਿ ਮੈਂ ਅਲਟੀਮੇਟਮ ਕੰਪਨੀ ਵਿੱਚ ਸਫਾਈ ਦਾ ਕੰਮ ਕਰਦਾ ਹਾਂ। ਅਸੀਂ ਤਿੰਨ ਭੈਣ-ਭਰਾ ਹਨ। ਮੇਰੀ ਭੈਣ ਸਾਕਸ਼ੀ ਉਮਰ ਕਰੀਬ 16 ਸਾਲ ਜੋ ਕਿ ਸਰਕਾਰੀ ਸਕੂਲ ਸੈਕ:48 ਚੰਡੀਗੜ੍ਹ ਵਿਖੇ 10ਵੀਂ ਕਲਾਸ ਵਿੱਚ ਪੜਦੀ ਹੈ। ਮਿਤੀ 11-12-2 ਨੂੰ ਮੇਰੀ ਭੈਣ ਸਾਕਸ਼ੀ ਘਰ ਤੋਂ ਮੇਰੀ ਘਰਵਾਲੀ ਨੂੰ ਇਹ ਕਹਿ ਕੇ ਚਲੀ ਗਈ ਸੀ ਕਿ ਮੈਂ ਆਪਣੀ ਮਾਤਾ ਸੀਮਾ ਦੇਵੀ ਨਾਲ ਕੰਮ ਕਰਵਾਉਣ ਲਈ ਜਾ ਰਹੀ ਹਾਂ। ਜਦੋ ਵਕਤ ਕਰੀਬ 12:00ਪੀ. ਐਮ ਤੱਕ ਘਰ ਵਾਪਿਸ ਨਹੀਂ ਆਈ ਤਾਂ ਮੇਰੀ ਘਰਵਾਲੀ ਨੇ ਮੈਨੂੰ ਫਨ ਕਰਕੇ ਸਾਰੀ ਗੱਲ ਦੱਸੀ। ਹੁਣ ਤੱਕ ਅਸੀਂ ਆਪਣੀਆਂ ਰਿਸ਼ਤੇਦਾਰੀਆਂ ਵਿੱਚ ਮੇਰੀ ਭੈਣ ਦੀ ਭਾਲ ਕਰਦੇ ਰਹੇ ਜੋ ਸਾਨੂੰ ਨਹੀਂ ਮਿਲੀ। ਮੈਨੂੰ ਹੁਣ ਪਤਾ ਲੱਗਾ ਹੈ ਕਿ ਉਕਤ ਦੋਸ਼ੀ ਮੇਰੀ ਭੈਣ ਸਾਕਸ਼ੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਫੁਸਲਾ ਕੇ ਆਪਣੇ ਨਾਲ ਲੈ ਗਿਆ ਹੈ। ਜਿਸ ਖਿਲਾਫ ਮੁਕੱਦਮਾ ਦਰਜ ਕਰਵਾਇਆ। |
| 6 | ਮੁਕੱਦਮਾ ਨੰ: 495<br>ਮਿਤੀ:19-12-22<br>ਜੁਰਮ:406,420,<br>ਆਈ.ਪੀ.ਸੀ.<br>ਥਾਣਾ:- ਜ਼ੀਰਕਪੁਰ | ਹਰਜਿੰਦਰ ਬੋਪਾਰਾਏ ਪਤਨੀ ਲੇਟ ਜਸਮੇਰ ਸਿੰਘ ਵਾਸੀ ਬੋਪਾਰਾਏ ਹਾਊਸ ਰੇਲਵੇ ਰੋਡ ਦੋਰਾਹਾ ਜਿਲਾ ਲੁਧਿਆਣਾ<br>98556-09881 | ਮਾਨਵ ਕਰੀਰ ਪੁੱਤਰ ਪ੍ਰਦੀਪ ਕੁਮਾਰ ਵਾਸੀ ਮ.ਨੰ.69/2 ਗਾਂਧੀ ਚੌਂਕ ਅਹਿਮਦਗੜ੍ਹ ਜਿਲਾ ਮਲੇਰਕੋਟਲਾ | ਮੁਦੱਈ ਮੁਕੱਦਮਾ ਨੇ ਇਕ ਦਰਖਾਸਤ ਨੰਬਰੀ 1548/ਪੀ/ਐਸ ਐਸ ਪੀ/ਐਸ ਏ ਐਸ ਨਗਰ ਮਿਤੀ 27-08-21 ਨੂੰ ਦਿੱਤੀ ਸੀ। ਜਿਸ ਵਿੱਚ ਮੁੱਦਈ ਮੁਕੱਦਮਾ ਨੇ ਦੱਸਿਆ ਕਿ ਮੈਂ ਆਪਣੇ ਜਾਣਕਾਰ ਵਿਨੋਦ ਕੁਮਾਰ ਰਾਹੀਂ ਉਕਤ ਦੋਸ਼ੀ ਮਾਨਵ ਕਰੀਰ ਪਾਸੋਂ ਉਸਦੀ ਪਿੰਡ ਰਾਮਗੜ੍ਹ ਭੁੱਡਾ ਵਿਖੇ ਜ਼ਮੀਨ ਵਿੱਚੋਂ 500ਗਜ਼ ਹਿੱਸੇ ਦਾ ਸੌਦਾ 50ਲੱਖ ਰੁਪਏ ਵਿੱਚ ਤੈਅ ਹੋਇਆ ਸੀ। ਜਿਸ ਦੀ ਮੈਂ ਪੂਰੀ ਰਕਮ ਉਕਤ ਦੋਸ਼ੀ ਨੂੰ ਅਦਾ ਕਰ ਦਿੱਤੀ ਸੀ। ਪ੍ਰੰਤੂ ਬਾਅਦ ਵਿੱਚ ਪਤਾ ਲੱਗਾ ਕਿ ਉਕਤ ਜ਼ਮੀਨ ਉਸਨੇ ਕਿਸੇ ਹੋਰ ਤੋਂ ਖਰੀਦੀ ਹੋਈ ਹੈ ਅਤੇ ਉਸ ਨਾਲ ਕੋਰਟ ਕੇਸ ਚੱਲ ਰਿਹਾ ਹੈ ਜੋ ਉਹ ਹਾਰ ਚੁੱਕਾ ਹੈ। ਉਕਤ ਦੋਸ਼ੀ ਨੇ ਹੁਣ ਤੱਕ ਨਾ ਪਲਾਟ ਦੀ ਰਜਿਸਟਰੀ ਮੇਰੇ ਨਾਮ ਕਰਵਾਈ ਅਤੇ ਨਾ ਹੀ ਮੇਰੀ ਰਕਮ ਵਾਪਿਸ ਕੀਤੀ।ਦਰਖਾਸਤ ਦੀ ਪੜਤਾਲ ਕਪਤਾਨ ਪੁਲਿਸ (ਦਿਹਾਤੀ) ਸਾਹਿਬ ਵੱਲੋਂ ਕੀਤੀ ਗਈ। ਬਾਅਦ ਵਿੱਚ ਮਾਨਯੋਗ ਐਸ ਐਸ ਪੀ ਸਾਹਿਬ ਨੇ ਮੁਕੱਦਮਾ ਦਰਜ ਕਰਨ ਦਾ ਹੁਕਮ ਦਿੱਤਾ। |
| 7 | ਮੁਕੱਦਮਾ ਨੰ: 496<br>ਮਿਤੀ:19-12-22<br>ਜੁਰਮ:13-3-67 ਜੂਆ ਐਕਟ<br>ਥਾਣਾ:- ਜ਼ੀਰਕਪੁਰ | ਹੌਲਦਾਰ ਅਵਤਾਰ ਸਿੰਘ<br>ਚੌਂਕੀ ਬਲਟਾਣਾ | 1) ਸਤਪਾਲ ਵਰਮਾ ਪੁੱਤਰ ਦਾਤਾ ਰਾਮ ਵਾਸੀ ਮ.ਨੰ.273 ਅਬੈਪੁਰ ਬਲਟਾਣਾ<br>2) ਅਮਿਤ ਵਰਮਾ ਪੁੱਤਰ ਲੇਟ ਸੋਮ ਨਾਥਾ ਵਾਸੀ ਮ.ਨੰ.983 ਸੈਕ:10 ਪੰਚਕੂਲਾ<br>3) ਅਭੀਸ਼ੇਕ ਕੁਮਾਰ ਪੁੱਤਰ ਸੰਜੀਵ ਕੁਮਾਰ ਵਾਸੀ ਮ.ਨੰ.363 ਸੈਕ:19 ਪੰਚਕੂਲਾ<br>4) ਸੁਰਿੰਦਰ ਸਿੰਘ ਪੁੱਤਰ ਲੇਟ ਸਵਰਨ ਸਿੰਘ ਵਾਸੀ ਮ.ਨੰ.233ਏ ਸੈਕ:19 ਪੰਚਕੂਲਾ<br>5) ਪਵਨ ਕੁਮਾਰ ਪੁੱਤਰ ਜਗਦੀਸ਼ ਰਾਏ ਵਾਸੀ ਹੇਮ ਵਿਹਾਰ ਬਲਟਾਣਾ<br>6) ਨਿਸਚੈ ਪੁੱਤਰ ਸੰਜੀਵ ਕੁਮਾਰ ਵਾਸੀ ਮ.ਨੰ.281 ਸੈਕ:19 ਪੰਚਕੂਲਾ<br>7) ਮਹੇਸ਼ ਕੁਮਾਰ ਪੁੱਤਰ ਚਮਨ ਲਾਲ ਵਾਸੀ ਮੌਡਰਨ ਇੰਨਕਲੇਵ ਬਲਟਾਣਾ | ਅੱਜ ਮਨ ਹੌਲਦਾਰ ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪੀਰ ਬਾਬਾ ਮੋੜ ਬਲਟਾਣਾ ਵਿਖੇ ਮੌਜੂਦ ਸੀ ਤਾਂ ਮੁੱਖਬਰ ਖਾਸ ਨੇ ਇੱਤਲਾਹ ਦਿੱਤੀ ਕਿ ਉਕਤਾਨ ਦੋਸ਼ੀਆਨ ਬੰਸਲ ਮਾਰਕੀਟ ਬਲਟਾਣਾ ਦੀ ਛੱਤ ਪਰ ਲੁਕ-ਛਿਪ ਕੇ ਬੈਠ ਕੇ ਜੂਆ ਖੇਡ ਰਹੇ ਹਨ। ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਉਕਤਾਨ ਦੋਸ਼ੀਆਨ ਜੂਆ ਖੇਡਦੇ ਕਾਬੂ ਆ ਸਕਦੇ ਹਨ। ਤੁਰੰਤ ਰੇਡ ਕਰਕੇ ਉਕਤਾਨ ਦੋਸ਼ੀਆਨ ਨੂੰ ਕਾਬੂ ਕੀਤਾ ਗਿਆ ਜਿਹਨਾਂ ਪਾਸੋਂ ਜੂਏ **ਕੁੱਲ 53 ਹਜ਼ਾਰ 750 ਰੁਪਏ ਬਰਾਮਦ ਹੋਏ।** |

| | | | | |
|---|---|---|---|---|
| 8 | ਮੁਕੱਦਮਾ ਨੰ: 123<br>ਮਿਤੀ:19-12-22<br>ਜੁਰਮ:323,365,34,<br>ਆਈ.ਪੀ.ਸੀ.<br>ਥਾਣਾ:- ਢਕੋਲੀ | ਪੂਨਮ ਰਾਣੀ ਪਤਨੀ ਕੁਲਦੀਪ ਵਰਮਾ ਵਾਸੀ ਫਲੈਟ ਨੰ.214 ਟਾਵਰ ਨੰ.04 ਸੈਕਿੰਡ ਫਲੋਰ ਸਿਟੀ ਹਾਈਟਸ ਪੀਰ ਮੁਛੱਲਾ ਜਿਲਾ ਐਸ.ਏ.ਐਸ.ਨਗਰ<br>ਉਮਰ 30 ਸਾਲ<br>98774-42721 | 1) ਰਾਮਪਾਲ ਉਰਫ ਪਿੰਕੀ ਪੁੱਤਰ ਮਹਿੰਦਰ ਸਿੰਘ<br>2) ਵਿਕਾਸ ਪੁੱਤਰ ਰਾਮ ਦਿੱਤਾ<br>3) ਰਵੀ ਸਿੰਗਲਾ ਪੁੱਤਰ ਪ੍ਰੇਮ ਸਿੰਗਲਾ ਵਾਸੀਆਨ ਧਮੋਕਰਾ ਰੋਡ ਟੋਹਾਣਾ ਹਰਿਆਣਾ<br>4) ਅਮਿਤ ਕੁਮਾਰ ਪੁੱਤਰ ਮੰਗਤ ਰਾਮ ਵਾਸੀ ਪਿੰਡ ਭੂਰੇ ਜਿਲਾ ਹਿਸਾਰ ਹਰਿਆਣਾ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੇਰੇ ਪਤੀ ਕੁਲਦੀਪ ਵਰਮਾ ਨੇ ਹੁਨਰ ਟੈਂਟ ਹਾਊਸ ਦੇ ਨਾਮ ਪਰ ਪੰਚਕੂਲਾ ਸ਼ਾਪਿੰਗ ਕੰਪਲੈਕਸ ਪੀਰ ਮੁਛੱਲਾ ਵਿਖੇ ਦੁਕਾਨ ਕੀਤੀ ਹੋਈ ਹੈ। ਮੇਰਾ ਪਤੀ ਹਰ ਰੋਜ਼ ਦੀ ਤਰਾਂ ਅੱਜ ਮਿਤੀ 19-12-2 ਨੂੰ ਵਕਤ ਕਰੀਬ 08:15ਏ.ਐਮ ਪਰ ਘਰ ਤੋਂ ਦੋਵੇਂ ਬੱਚਿਆਂ ਨੂੰ ਨਾਲ ਲੈ ਕੇ ਸਕੂਟਰੀ ਪਰ ਸਕੂਲ ਛੱਡਣ ਲਈ ਗਿਆ ਸੀ ਤਾਂ ਮੈਨੂੰ ਪਤਾ ਲੱਗਾ ਕਿ ਮੇਰੇ ਪਤੀ ਨੂੰ ਚਾਰ ਲੜਕਿਆਂ ਨੇ ਕੁੱਟਮਾਰ ਕਰਕੇ ਕਾਰ ਨੰਬਰ ਐਚ.ਆਰ-20ਵੀ-1995 ਮਾਰਕਾ ਫੋਰਡ ਫੀਗੋ ਵਿੱਚ ਬਿਠਾ ਕੇ ਅਗਵਾ ਕਰਕੇ ਲੈ ਗਏ ਹਨ। ਮੈਂ ਮੌਕਾ ਪਰ ਜਾ ਕੇ ਪੜਤਾਲ ਕੀਤੀ ਤਾਂ ਮੈਨੂੰ ਪਤਾ ਲੱਗਾ ਕਿ ਉਕਤਾਨ ਦੋਸ਼ੀਆਨ ਮੇਰੇ ਪਤੀ ਨੂੰ ਅਗਲਾ ਕਰਕੇ ਉਕਤ ਕਾਰ ਵਿੱਚ ਕਿਧਰੇ ਲੈ ਗਏ ਹਨ। ਜਿਹਨਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇ। |
| 9 | ਮੁਕੱਦਮਾ ਨੰ: 403<br>ਮਿਤੀ:19-12-22<br>ਜੁਰਮ:379,120ਬੀ,<br>ਆਈ.ਪੀ.ਸੀ.<br>ਥਾਣਾ:- ਡੇਰਾਬਸੀ | ਧਿਆਨ ਪ੍ਰਸਾਦ ਉਰਫ ਬਾਬੂ ਲਾਲ ਪੁੱਤਰ ਮੁੰਨਰ ਰਾਮ ਵਾਸੀ ਮ.ਨੰ.228 ਨੇੜੇ ਲਕਸ਼ਮੀ ਨਰਾਇਣ ਮੰਦਿਰ ਪਿੰਡ ਦਫਰਪੁਰ ਥਾਣਾ ਡੇਰਾਬਸੀ ਜਿਲਾ ਐਸ.ਏ.ਐਸ.ਨਗਰ<br>ਉਮਰ ਕਰੀਬ 48 ਸਾਲ<br>88375-74297 | 1) ਮਨਦੀਪ ਸਿੰਘ ਉਰਫ ਮੁੰਨਾ<br>2) ਪਵਨ ਕੁਮਾਰ ਉਰਫ ਬਾਡੂ<br>3) ਜੈਪਾਲ ਉਰਫ ਮੰਜੂ ਵਾਸੀਆਨ ਪਿੰਡ ਰਾਮਗੜ੍ਹ<br>4) ਕੁਲਦੀਪ ਸਿੰਘ ਵਾਸੀ ਪਿੰਡ ਕਰਮਗੜ੍ਹ<br>5) ਗੁਰਜਿੰਦਰ ਸਿੰਘ ਉਰਫ ਕਾਲੀ<br>6) ਗੁਰਜੰਟ ਸਿੰਘ<br>ਅਤੇ ਹੋਰ ਨਾ-ਮਾਲੂਮ ਸਾਥੀਆਂ | ਮੁਦੱਈ ਮੁਕੱਦਮਾ ਨੇ ਦੱਸਿਆ ਕਿ ਮੈਂ ਬਿਲਡਿੰਗ ਬਣਾਉਣ ਦਾ ਠੇਕੇਦਾਰ ਹਾਂ। ਮੇਰੇ ਪਾਸ ਆਪਣੀ ਲੋਹੇ ਦੀਆਂ ਸ਼ਟਰਿੰਗ ਵਾਲੀਆਂ ਪਲੇਟਾਂ ਹਨ। ਮੈਂ ਗੁਰੂਨਾਨਕ ਕਲੋਨੀ ਪਿੰਡ ਮੋਰਠਿਕਰੀ ਵਿਖੇ ਮਕਾਨ ਬਣਾਉਣ ਦਾ ਠੇਕਾ ਲਿਆ ਹੋਇਆ ਸੀ। ਮਿਤੀ 11-12-22 ਨੂੰ ਮੈਂ ਦਿਨ ਸਮੇਂ ਲੈਂਟਰ ਦੀ ਸ਼ਟਰਿੰਗ ਖੋਲ ਕੇ ਸਾਹਮਣੇ ਗਲੀ ਵਿੱਚ ਰੱਖ ਦਿੱਤੀ ਸੀ ਜਿਹਨਾਂ ਦੀ ਗਿਣਤੀ ਕਰੀਬ 90 ਸੀ। ਜਦੋਂ ਮੈਂ ਮਿਤੀ 12-12-22 ਨੂੰ ਵਕਤ ਕਰੀਬ 03:00ਏ.ਐਮ ਪਰ ਸ਼ਟਰਿੰਗ ਦੀਆਂ ਪਲੇਟਾਂ ਚੈੱਕ ਕਰਨ ਲਈ ਗਿਆ ਤਾਂ ਪਲੇਟਾਂ ਉੱਥੋਂ ਗਾਇਬ ਸਨ। ਜਿਹਨਾਂ ਨੂੰ ਮਿਤੀ 11/12-12-22 ਦੀ ਦਰਮਿਆਨੀ ਰਾਤ ਨੂੰ ਕਿਸੇ ਨਾ-ਮਾਲੂਮ ਵਿਅਕਤੀਆਂ ਵੱਲੋਂ ਚੋਰੀ ਕਰ ਲਈਆਂ ਗਈਆਂ ਹਨ। ਜਿਹਨਾਂ ਬਾਰੇ ਮੈਂ ਹੁਣ ਤੱਕ ਆਪਣੇ ਤੌਰ ਤੇ ਪੜਤਾਲ ਕਰਦਾ ਰਿਹਾ ਤਾਂ ਗਲੀ ਦੇ ਸੀ.ਸੀ.ਟੀ.ਵੀ ਕੈਮਰੇ ਚੈੱਕ ਕਰਨ ਤੇ ਪਤਾ ਲੱਗਾ ਕਿ ਮੇਰੀਆਂ ਉਕਤ ਲੋਹ ਦੀਆਂ ਪਲੇਟਾਂ ਉਕਤਾਨ ਦੋਸ਼ੀਆਨ ਨੇ ਕੈਂਟਰ ਨੰਬਰ ਪੀ.ਬੀ-65ਆਰ-8190 ਵਿੱਚ ਲੋਡ ਕਰਕੇ ਚੋਰੀ ਕੀਤੀਆਂ ਹਨ। ਜਿਹਨਾਂ ਖਿਲਾਫ ਹੁਣ ਮੁਕੱਦਮਾ ਦਰਜ ਕਰਵਾਇਆ। |
| 10 | ਮੁਕੱਦਮਾ ਨੰ: 192<br>ਮਿਤੀ:19-12-22<br>ਜੁਰਮ:21-61-85<br>ਐਨ.ਡੀ.ਪੀ.ਐਸ. ਐਕਟ<br>ਥਾਣਾ:- ਲਾਲੜੂ | ਸ.ਥ. ਗੁਰਮੇਲ ਸਿੰਘ<br>ਥਾਣਾ ਸੋਹਾਣਾ | ਸੰਦੀਪ ਨਰਵਾਲ ਪੁੱਤਰ ਧਰਮ ਸਿੰਘ ਵਾਸੀ ਮ.ਨੰ.287 ਬੀ-2 ਸ਼ਿਵ ਕਲੋਨੀ ਪੰਚਕੂਲਾ ਹਰਿਆਣਾ | ਅੱਜ ਮਨ ਸ:ਥ:ਸਮੇਤ ਪੁਲਿਸ ਪਾਰਟੀ ਬਾ-ਸਿਲਸਿਲਾ ਗਸਤ ਬਾ-ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਅੰਬਾਲਾ ਚੰਡੀਗੜ੍ਹ ਰੋਡ ਟੀ-ਪੁਆਇੰਟ ਲੈਹਲੀ ਵਿਖੇ ਮੌਜੂਦ ਸੀ ਤਾਂ ਵਹੀਕਲਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਵਕਤ ਕਰੀਬ 04:30ਪੀ.ਐਮ ਦਾ ਹੋਵੇਗਾ ਕਿ ਅੰਬਾਲਾ ਸਾਈਡ ਤੋਂ ਇੱਕ ਹਰਿਆਣਾ ਰੋਡਵੇਜ਼ ਦੀ ਬੱਸ ਆਈ। ਜੋ ਆਵਾਜਾਈ ਜਾਮ ਲੱਗਣ ਕਾਰਨ ਹੌਲੀ ਹੋਈ ਤਾਂ ਉਸ ਵਿੱਚੋਂ ਇੱਕ ਮੋਨਾ ਵਿਅਕਤੀ ਉਤਰ ਕੇ ਅੰਬਾਲਾ ਸਾਈਡ ਨੂੰ ਭੱਜਣ ਲੱਗਾ। ਜਿਸ ਨੂੰ ਮਨ ਸ.ਥ. ਨੇ ਸਾਥੀ ਕਰਮਚਾਰੀਆਂ ਦੀ ਮੱਦਦ ਨਾਲ ਕਾਬੂ ਕੀਤਾ ਅਤੇ ਨਾਮ ਪਤਾ ਪੁੱਛਿਆ। ਜਿਸ ਪਾਸ ਕੋਈ ਨਸ਼ੀਲਾ ਪਦਾਰਥ ਹੋਣ ਦਾ ਸ਼ੱਕ ਹੋਣ ਤੇ ਇੰਚਾਰਜ ਚੌਂਕੀ ਲੈਹਲੀ ਨੂੰ ਇਤਲਾਹ ਦਿੱਤੀ। ਜਿਸ ਤੇ ਐਸ.ਆਈ.ਰਣਬੀਰ ਸਿੰਘ ਮੌਕਾ ਪਰ ਪੁੱਜੇ ਅਤੇ ਉਕਤ ਵਿਅਕਤੀ ਦੀ ਤਲਾਸ਼ੀ ਕੀਤੀ ਜਿਸ ਕੋਲੋਂ **40 ਗ੍ਰਾਮ ਹੈਰੋਇਨ** ਬਰਾਮਦ ਹੋਈ। |